**DISCLAIMER: This document has been translated for the convenience of the Homecoming at University Park residents, but if any discrepancies arise in the interpretation of the language between the two documents, the original English translation will be take precedence.**

ਯੂਨੀਵਰਸਿੱਟੀ ਪਾਰਕ ਹੋਮਕਮਿੰਗ
ਮਾਲਕ ਮਕਾਨ ਸੰਸਥਾ, ਨਿਗਮਤ
ਦੇ
ਨਿਦੇਸ਼ਕ ਬੋਰਡ ਵੱਲੋਂ ਪਾਰਤ ਮਤੇ ਲਈ
ਸਰਵਸੰਮਤ ਲਿਖਤ ਸੰਸੋਧਨ ਅਤੇ ਸਹਿਮਤੀ ਦੁਹਰਾਓ

ਅਸੀਂ ਸਾਰੇ, ਨਿਮਨਲਿਖਤ ਹਸਤਾਖਰਕਰਤਾ ਯੂਨੀਵਰਸਿੱਟੀ ਹੋਮਕਮਿੰਗ ਮਾਲਕ ਮਕਾਨ ਸੰਸਥਾ, ਨਿਗਮਤ, ("ਸੰਸਥਾ") ਦੇ ਨਿਦੇਸ਼ਕ ਹੋਣ ਦੇ ਨਾਤੇ ਇਹ ਅਧਿਕਾਰ ਦਿੰਦੇ ਹਾਂ ਅਤੇ ਨਿਮਨਲਿਖਤ ਸੰਗਠਤ ਕਾਰਵਾਈ ਕਰਦੇ ਹਾਂ:-

ਜਦਕਿ ਯੂਨੀਵਰਸਿਟੀ ਪਾਰਕ ਹੋਮਕਮਿੰਗ ਲਈ ਇਕਰਾਰ ਦੇ ਨਿਯਮ, ਸ਼ਰਤਾਂ ਅਤੇ ਪਾਬੰਦੀਆਂ (ਡੀ.ਸੀ.ਸੀ.ਆਰ.) ਦੇ ਅਨੁਛੇਦ 8.1 ਰਾਹੀਂ ਬੋਰਡ ਵਾਜਬ ਨਿਯਮ ਅਤੇ ਮਤੇ ਸਥਾਪਤ ਕਰ ਸਕਦਾ ਹੈ ਅਤੇ ਇਹ ਨਿਯਮ ਅਤੇ ਮਤੇ ਉਹਨਾਂ ਦੀ ਕਾਰਗਰ ਮਿਤੀ ਤੋਂ ਪਹਿਲਾਂ ਸਦੱਸ ਬਣਨ ਲਈ ਪੂਰੇ ਕੀਤੇ ਜਾਣ, ਅਤੇ

ਜਦਕਿ, ਬੋਰਡ ਡੀ.ਸੀ.ਸੀ.ਆਰ. ਦੀਆਂ ਉਲਘਨਾਂਵਾਂ ਅਤੇ ਜੁਰਮਾਨਿਆਂ ਸਬੰਧੀ ਨਿਮਨਲਿਖਤ ਨਿਯਮ ਅਤੇ ਮਤੇ ਸਥਾਪਤ ਕਰਨਾ ਚਾਹੁੰਦਾ ਹੈ, ਅਤੇ

ਜਦਕਿ, ਬੋਰਡ ਹਰ ਸਦੱਸ ਨੂੰ ਡੀ.ਸੀ.ਸੀ.ਆਰ. ਦੇ ਅਨੁਛੇਦ 8.1 ਮੁਤਾਬਕ ਨਿਯਮਾਂ ਅਤੇ ਮਤਿੱਆਂ ਨੂੰ ਉਹਨਾ ਦੀ ਪ੍ਰਭਾਵਤ ਮਿਤੀ ਤੋਂ ਪਹਿਲਾਂ ਦੀ ਮਨਜ਼ੂਰੀ ਸਬੰਧੀ ਸੂਚਨਾ ਪੱਤਰ ਪ੍ਰਦਾਨ ਕਰਨਾ ਚਾਹੁੰਦਾ ਹੈ।

ਹੁਣ, ਇਸ ਸਬੰਧ ਵਿੱਚ, ਨਿਮਨਲਿਖਤ ਮਤੇ ਸਰਵਸਮੰਤੀ ਨਾਲ ਅਪਣਾਏ ਗਏ ਹਨ:-

ਠਣਿਆ ਗਿਆ ਹੈ ਕਿ ਸੰਸਥਾ ਇਸਦੇ ਸਦੱਸਾਂ ਨੂੰ ਡੀ.ਸੀ.ਸੀ.ਆਰ. ਦੀ ਉਲਘੰਣਾ ਤੇ ਨਿਮਨਲਿਖਤ ਢੰਗ ਨਾਲ ਜੁਰਮਾਨਾ ਕਰਨ ਦੀ ਹੱਕਦਾਰ ਹੈ।

| | |
|---|---|
| ਡੀ.ਸੀ.ਸੀ. - ਜਮਾਂ ਕਰਾਉਣ ਸਬੰਧੀ ਘੋਲ | $25.00 ਇੱਕ ਵਾਰ ਦੇ |
| ਭੂਮੀ ਨਿਰਮਾਣ ਸਬੰਧੀ ਉਲੰਘਣਾ | $50.00 ਇੱਕ ਵਾਰ ਦੇ |
| ਬਗੀਚੇ/ਵੇਹੜੇ ਦੀ ਸਾਂਭ ਸਬੰਧੀ ਉਲੰਘਣਾ | $25.00 ਇੱਕ ਵਾਰ ਦੇ |
| ਕੂੜਾ ਕਰਕਟ ਉਲੰਘਣਾ | $25.00 ਇੱਕ ਵਾਰ ਦੇ |
| ਰਸਤੇ ਵਿੱਚ ਖੱਡਾ/ਟੋਇਆ (ਗ੍ਰੀਨ ਆਰਡਨੈਂਸ ਸ਼ਹਿਰ ਦੀ ਉਲੰਘਣਾ) | $50.00 ਇੱਕ ਵਾਰ ਦੇ |
| ਵਾਹਨ ਖੜਾ ਕਰਨਾ-ਸਾਰਵਜਨਿਕ ਪੈਦਲ ਚਲਣ ਵਾਲੇ ਰਸਤੇ ਨੂੰ ਰੋਕਣਾ (ਗ੍ਰੀਨ ਆਰਡਨੈਂਸ ਸ਼ਹਿਰ ਦੀ ਉਲੰਘਣਾ) | $50.00 ਇੱਕ ਵਾਰ ਦੇ |

| | |
|---|---|
| ਪ੍ਰਤਿਬੰਧਤ ਵਾਹਨ ਉਲੰਘਣਾ – ਅਨੁਛੇਦ 7.4 (ਬੀ) | $25.00 ਇੱਕ ਵਾਰ ਦੇ |
| ਦੂਜਿਆਂ ਉਲੰਘਣਾਵਾਂ | $25.00 ਇੱਕ ਵਾਰ ਦੇ |

ਸਦੱਸਾਂ ਨੂੰ ਉਲੰਘਣਾ ਵੱਜੋਂ ਜੁਰਮਾਣਾ ਕਰਨ ਤੋਂ ਪਹਿਲਾਂ ਹਰ ਸਾਲ ਇੱਕ (1) ਇਤਲਾਹ ਅਤੇ ਇੱਕ (1) ਹਰ ਵਰਗ ਦੇ ਜੁਰਮਾਨੇ ਸਮੇਤ ਚੇਤਾਵਨੀ ਦਿੱਤੇ ਜਾਣ। ਉਲੰਘਣਾ ਕੀਤੇ ਜਾਣ ਤੇ (ਜਿਦਾਂ ਨਿੱਚੇ ਵਿਆਖਿਆ ਕੀਤੀ ਗਈ ਹੈ) ਐਚ.ਓ.ਏ. ਉਲੰਘਣਾ ਕਰਨ ਵਾਲੇ ਸਦੱਸ ਨੂੰ ਲਿਖਤ ਇਤਲਾਹ ਦਵੇਗੀ। ਇਸ ਵੇਲੇ ਜੇਕਰ ਉਸ ਸਦੱਸ ਵੱਲੋਂ ਇੱਕ ਸਾਲ ਵਿੱਚ ਕੋਈ ਹੋਰ ਨਵੀਂ ਉਲਘੰਣਾ ਵਾਪਰਦੀ ਹੈ ਤਾਂ ਉਲੰਘਣਾ ਕਰਨ ਵਾਲੇ ਸਦੱਸ ਦੀ ਲਿਖਤ ਇਤਲਾਹ ਦੇ ਨਾਲ ਪੂਰਵਰਤੀ ਮੁਲਾਂਕਣ ਸੂਚੀ ਅਨੁਸਾਰ ਮੁਲਾਂਕਣ ਇਤਲਾਹ ਵੀ ਦਿੱਤੀ ਜਾਵੇ। ਜੇਕਰ ਸਦੱਸ ਭੁਗਤਾਨ ਨਹੀਂ ਕਰਦਾ ਅਤੇ ਉਲੰਘਣਾ ਦਾ ਨਿਪਟਾਰਾ ਤਿੰਨ (3) ਮਹੀਨਿਆਂ ਅੰਦਰ ਨਹੀਂ ਹੁੰਦਾ ਤਾਂ ਬੋਰਡ ਡੀ.ਸੀ.ਸੀ.ਆਰ. ਦੇ ਅਨੁਛੇਦ 5 ਮੁਤਾਬਕ ਹੱਲ ਭਾਲ ਸਕਦਾ ਹੈ।

- ਭੂਮੀ ਨਿਰਮਾਣ ਸਬੰਧੀ ਉਲੰਘਣਾ ਤੇ ਸਦੱਸਾਂ ਨੂੰ ਉਲੰਘਣਾ ਦਾ ਦੂਜਾ ਹਵਾਲਾ ਦੇਣ ਤੋਂ ਪਹਿਲਾਂ ਉਲੰਘਣਾ ਦੇ ਨਿਪਟਾਰੇ ਵੱਜੋਂ ਸੱਠ (60) ਦਿਨ ਦਾ ਸਮਾਂ ਪ੍ਰਦਾਨ ਕੀਤਾ ਜਾਵੇਗਾ।

- ਦੂਜਿਆਂ ਉਲੰਘਣਾਵਾਂ ਵਜੋਂ ਉਲੰਘਣਾਵਾਂ ਦੇ ਨਿਪਟਾਰੇ ਲਈ ਸਮਾਂ ਬੋਰਡ ਦੇ ਆਪਣੇ ਵਿਚਾਰ ਮੁਤਾਬਕ ਹੋਵੇਗਾ ਅਤੇ ਉਲੰਘਣਾ ਦੀ ਆਰੰਭਕ ਇਤਲਾਹ ਵਿੱਚ ਸੂਚਿਤ ਹੋਵੇਗਾ।

ਕੋਈ ਵੀ ਸਦੱਸ ਜੋ ਕਿਸੇ ਜੁਰਮਾਨੇ ਦੀ ਵੈਧਤਾ ਨੂੰ ਚੁਣੌਤੀ ਦੇ ਚਾਹੁੰਦਾ ਹੋਵੇ ਤਾਂ ਉਹ ਨਿਦੇਸ਼ਕ ਬੋਰਡ ਨੂੰ ਲਿਖਤ ਇਤਲਾਹ (ਸੰਪਦਾ ਬੰਦੋਬਸਤ ਕੰਪਣੀ ਦੀ ਦੇਖਰੇਖ ਵਿੱਚ) ਜੁਰਮਾਣਾ ਪਾਉਣ ਦੇ ਅਠਤਾਲ੍ਹੀ (48) ਘੰਟਿਆਂ ਅੰਦਰ ਦਵੇਗਾ ਅਤੇ ਉਹ ਕਾਰਣ ਜਾਂ ਅਸਲੀਅਤ ਵੀ ਦਸੇਗਾ ਕਿ ਜੁਰਮਾਣੇ ਨੂੰ ਵੈਧ ਕਰਾਰ ਕਿਉਂ ਨਾ ਦਿੱਤਾ ਜਾਵੇ। ਬੋਰਡ ਨੂੰ ਇਸ ਲਿਖਤ ਇਤਲਾਹ ਤੇ ਕੋਈ ਵੀ ਅਗਲੇਰੀ ਇਤਲਾਹ ਜਾਂ ਦੂਜੀ ਉਲੰਘਣਾਂਵਾਂ ਰੋਕ ਦਿੱਤੀ ਜਾਣਗੀਆਂ ਜਦੋਂ ਤੱਕ ਕਿ ਬੋਰਡ ਬੋਰਡ ਪੇਸ਼ ਕੀਤੇ ਤੱਥਾਂ ਦੀ ਅਸਲੀਅਤ ਨਿਰਧਾਰਤ ਨਾਂ ਕਰ ਲਵੇ। ਚੁਨੌਤੀ ਕੀਤੇ ਜੁਰਮਾਨੇ ਦੇ ਜਵਾਬ ਵੱਜੋਂ ਬੋਰਡ ਦਾ ਫੈਸਲਾ ਅੰਤਮ ਹੋਵੇਗਾ।

ਠਾਣਿਆ ਜਾਂਦਾ ਹੈ ਕਿ ਉਲੰਘਣਾ ਦੀ ਇਤਲਾਹ ਸਦੱਸ ਵੱਲੋਂ ਉਸੇ ਸਮੇਂ ਸਵੈ ਪ੍ਰਾਪਤ ਕੀਤੀ ਜਾਣੀ ਮਨੀ ਜਾਵੇ, ਸੌਂਪੇ ਜਾਣ ਦੇ ਇੱਕ (1) ਦਿਨ ਤੱਕ ਸਦੱਸ ਦੇ ਘਰ ਰਹਿਣ ਤੇ, ਅਤੇ ਡਾਕ ਦੇ ਭੇਜੇ ਜਾਣ ਦੇ ਤਿੰਨ ਦਿਨ ਬਾਅਦ ਜੇਕਰ ਇਤਲਾਹ ਯੂ.ਐਸ. ਡਾਕ ਰਾਹੀਂ ਭੇਜੀ ਗਈ ਹੋਵੇ।

ਠਣਿਆ ਜਾਂਦਾ ਹੈ ਬੋਰਡ ਪੂਰਵਰਤੀ ਨਿਯਮਾਂ ਅਤੇ ਮਤਿੱਆਂ ਨੂੰ ਅਪਣਾਉਣ ਸਬੰਧੀ ਹਰੇਕ ਸਦੱਸ ਨੂੰ ਨਿਜੀ ਤੌਰ ਤੇ "ਮਾਲਕ ਮਕਾਨ ਸੰਸਥਾ ਦੇ ਨਿਯਮਾਂ ਅਤੇ ਮਤਿਆਂ ਦੀ ਇਤਲਾਹ" ਦੇ ਦਸਤਾਵੇਜ਼ ਭੇਜ ਸਕਦਾ ਹੈ। ਜੇਕਰ ਸਦੱਸ ਸਪੁਰਦਗੀ ਸਮੇਂ ਘਰ ਨਾਂ ਹੋਵੇ ਤਾਂ ਇਤਲਾਹ ਸਦੱਸ ਦੀ ਹਿਰਾਇਸ਼ ਦੇ ਛੱਡੀ ਜਾ ਸਕਦੀ ਹੈ।

ਠਾਣਿਆ ਜਾਂਦਾ ਹੈ ਕਿ ਪੂਰਵਰਤੀ ਨਿਯਮਾਂ ਅਤੇ ਮਤਿੱਆਂ ਦੀ ਪ੍ਰਭਾਵਤ ਮਿਤੀ ਜੂਨ 1, 2011 ਮੰਨੀ ਜਾਵੇਗੀ।

ਇਹ ਲਿਖਤ ਅਧਿਕਾਰ ਸੰਸਥਾਂ ਕੋਲ ਨਿਗਮ ਵਿਵਰਣ ਪੁਸਤਕ ਵਿੱਚ ਸ਼ਾਮਲ ਕਰਨ ਵੱਜੋਂ ਦਾਖਲ ਕੀਤਾ ਜਾਵੇਗਾ।

| ਨਾਂ | ਹਸਤਾਖਰ | ਮਿਤੀ |
|---|---|---|
| ਚੰਚਲ ਸਿੰਘ | ਹਸਤਾਖਰਤ | 5.6.2011 |
| ਬੇਵ ਲੈਂਡਿਜ਼ | | . .2011 |
| ਡੋਨ ਪਿਗੁਸ਼ | | . .2011 |
| ਬਲਵਿੰਦਰ ਸਿੰਘ | ਹਸਤਾਖਰਤ | 5.6.2011 |
| ਫ੍ਰੈਡ ਲਿਮਬਰਗਰ | | . .2011 |